# ਪੰਜਾਬ ਸਰਕਾਰ
## ਮਾਲ ਅਤੇ ਪੁਰਨਵਾਸ ਵਿਭਾਗ
## (ਭੌਂ ਮਾਲੀਆ ਸ਼ਾਖਾ)

ਨੰ: 25/45/2003-ਭ.ਮ.2/4427

ਸੇਵਾ ਵਿਖੇ

1. ਪੰਜਾਬ ਰਾਜ ਦੇ ਸਮੂਹ ਮੰਡਲ ਕਮਿਸ਼ਨਰ, ਡਿਪਟੀ ਕਮਿਸ਼ਨਰ ਅਤੇ ਉਪ ਮੰਡਲ ਮੈਜਿਸਟ੍ਰੇਟ।
2. ਡਾਇਰੈਕਟਰ, ਲੈਂਡ ਰਿਕਾਰਡਜ਼, ਪੰਜਾਬ, ਜਲੰਧਰ।

ਚੰਡੀਗੜ੍ਹ, ਮਿਤੀ: 21.05.03

ਵਿਸ਼ਾ : ਜ਼ਮੀਨ ਮਾਲਕ ਦੀ ਮੌਤ ਉਪਰੰਤ ਪਟਵਾਰੀਆਂ ਵਲੋਂ ਸਬੰਧਤ ਧਿਰਾਂ ਦੇ ਨਾਮ ਸਮੇਂ ਸਿਰ ਇੰਤਕਾਲ ਦਰਜ਼ ਨਾ ਕਰਨ ਬਾਰੇ।

ਸ੍ਰੀਮਾਨ ਜੀ,

ਮੈਨੂੰ ਹਦਾਇਤ ਹੋਈ ਹੈ ਕਿ ਮੈਂ ਆਪ ਦਾ ਧਿਆਨ ਪੰਜਾਬ ਸਰਕਾਰ ਦੇ ਯਾਦ-ਪੱਤਰ ਨੰ: 25/160/90-ਐਲ.ਆਰ-2/6578-82, ਮਿਤੀ 15-4-1991 ਵੱਲ ਦਿਵਾਵਾਂ ਅਤੇ ਇਹ ਸੂਚਿਤ ਕਰਾਂ ਕਿ ਸਰਕਾਰ ਦੇ ਧਿਆਨ ਵਿਚ ਲਿਆਂਦਾ ਗਿਆ ਹੈ ਕਿ ਜਦੋਂ ਕਿਸੇ ਭੌਂ ਮਾਲਕ ਦੀ ਮੌਤ ਹੋ ਜਾਂਦੀ ਹੈ ਤਾਂ ਉਸ ਦੀ ਜਾਇਦਾਦ ਸਬੰਧੀ ਹਲਕਾ ਪਟਵਾਰੀ ਵਲੋਂ ਇੰਤਕਾਲ ਦਰਜ਼ ਨਹੀ ਕੀਤਾ ਜਾਂਦਾ ਅਤੇ ਇੱਥੋਂ ਤੱਕ ਕਿ ਜਦੋਂ ਉਨ੍ਹਾਂ ਨੂੰ ਲਿਖਤੀ ਪ੍ਰਤੀਬੇਨਤੀ ਵੀ ਦਿੱਤੀ ਜਾਂਦੀ ਹੈ ਤਾਂ ਵੀ ਉਸ ਸਬੰਧੀ ਕਾਰਵਾਈ ਨਹੀਂ ਕੀਤੀ ਜਾਂਦੀ।

2. ਪੰਜਾਬ ਲੈਂਡ ਰੈਵਨਿਊ ਐਕਟ ਦੇ ਸੈਕਸ਼ਨ 34(3) ਵਿੱਚ ਹੇਠ ਲਿਖੇ ਉਪਬੰਧ ਹਨ:-

"The patwari shall enter in his register of mutations every report made to him under sub-section (1) or sub-section (2) and shall also make an entry therein respecting the acquistion of any such right as aforesaid which he has reason to believe to have taken place, and of which a report should have been made to him under one or other of the sub-sections and has not been so made."

ਇਸ ਤੋਂ ਇਲਾਵਾ ਪੰਜਾਬ ਸਰਕਾਰ ਦੇ ਯਾਦ-ਪੱਤਰ ਨੰ: 25/160/90 ਐਲ. ਆਰ. -2/6578-82, ਮਿਤੀ 15-4-1991 ਦੁਆਰਾ ਇਹ ਨਿਸ਼ਚਤ ਹਦਾਇਤ ਜਾਰੀ ਕੀਤੀ ਗਈ ਸੀ ਕਿ ਵਰਾਸਤ ਸਬੰਧੀ ਇੰਤਕਾਲ ਜਾਇਦਾਦ ਦੇ ਮਾਲਕ ਦੀ ਮੌਤ ਤੋਂ ਇੱਕ ਮਹੀਨੇ ਦੇ ਅੰਦਰ-ਅੰਦਰ ਪਟਵਾਰੀ ਹਲਕਾ ਚੌਕੀਦਾਰ ਵਲੋਂ ਤਿਆਰ ਕੀਤੇ ਜਾਂਦੇ ਮੌਤ ਰਜਿਸਟਰ ਦੀ ਪੜਤਾਲ ਕਰਕੇ ਦਰਜ਼ ਕਰਨ।

3. ਇੰਝ ਪ੍ਰਤੀਤ ਹੁੰਦਾ ਹੈ ਕਿ ਸਬੰਧਤ ਕਰਮਚਾਰੀਆਂ ਵਲੋਂ ਉਕਤ ਦੱਸੇ ਉਪਬੰਧਾਂ/ਹਦਾਇਤਾਂ ਦੀ ਅਣਦੇਖੀ ਕੀਤੀ ਜਾ ਰਹੀ ਹੈ ਜਿਸ ਕਰਕੇ ਜਿੱਥੇ ਮਾਲ ਰਿਕਾਰਡ ਮਿਤੀ ਅੰਤ ਤੱਕ ਮੁਕੰਮਲ ਨਹੀਂ ਹੁੰਦਾ ਉਥੇ ਲੋਕਾਂ ਨੂੰ ਵੀ ਪ੍ਰੇਸ਼ਾਨੀ ਹੁੰਦੀ ਹੈ। ਇਸ ਪਿਛੋਕੜ ਵਿੱਚ ਬੇਨਤੀ ਕੀਤੀ ਜਾਂਦੀ ਹੈ ਕਿ ਉਕਤ ਉਪਬੰਧਾਂ/ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਵਾਈ ਜਾਵੇ ਅਤੇ ਅਣਗਹਿਲੀ ਦੀ ਹਾਲਤ ਵਿਚ ਕਸੂਰਵਾਰਾਂ ਵਿਰੁੱਧ ਅਨੁਸਾਸ਼ਨੀ ਕਾਰਵਾਈ ਵੀ ਕੀਤੀ ਜਾਵੇ।

4. ਇਸ ਦੀ ਪਹੁੰਚ ਰਸੀਦ ਭੇਜੀ ਜਾਵੇ।

ਵਿਸ਼ਵਾਸਪਾਤਰ

ਅਧੀਨ ਸਕੱਤਰ, ਪੰਜਾਬ ਸਰਕਾਰ,
ਮਾਲ (ਖ) ਵਿਭਾਗ।